# PM's departure statement ahead of his visit to Bangladesh

## ਬੰਗਲਾਦੇਸ਼ ਦੇ ਦੌਰੇ 'ਤੇ ਜਾਣ ਤੋ ਪਹਲਿਾਂ ਪ੍ਰਧਾਨ ਮੰਤਰੀ ਦਾ ਬਆਿਨ

25 ਮਾਰਚ, 2021

ਮੈਂ ਮਹਾਮਹਿਮ ਸ਼ੇਖ ਹਸੀਨਾ ਦੇ ਸੱਦੇ 'ਤੇ 26-27 ਮਾਰਚ 2021 ਤੱਕ ਬੰਗਲਾਦੇਸ਼ ਦਾ ਦੌਰਾ ਕਰਾਂਗਾ|

ਮੈਨੂੰ ਖੁਸ਼ੀ ਹੈ ਕਿ COVID -19 ਮਹਾਂਮਾਰੀ ਸ਼ੁਰੂ ਹੋਣ ਤੋਂ ਬਾਅਦ ਮੇਰੀ ਪਹਿਲੀ ਵਿਦੇਸ਼ੀ ਯਾਤਰਾ ਸਾਡੇ ਦੋਸਤਾਨਾ ਗੁਆਂਢੀ ਦੇਸ਼ ਵਿਖੇ ਹੋਵੇਗੀ, ਜਿਸ ਨਾਲ ਭਾਰਤ ਦੇ ਡੂੰਘੇ ਸਭਿਆਚਾਰਕ, ਭਾਸ਼ਾਈ ਅਤੇ ਲੋਕ ਪੱਧਰੀ ਸਬੰਧ ਹਨ|

ਮੈਂ ਕੱਲ੍ਹ ਰਾਸ਼ਟਰੀ ਦਿਵਸ ਜਸ਼ਨ ਵਿੱਚ ਆਪਣੀ ਸ਼ਮੂਲੀਅਤ ਦੀ ਉਡੀਕ ਕਰ ਰਿਹਾ ਹਾਂ, ਜੋ ਬੰਗਲਾਦੇਸ਼ ਦੇ ਰਾਸ਼ਟਰ ਪਿਤਾ ਬੰਗਬੰਧੂ ਸ਼ੇਖ ਮੁਜੀਬੁਰ ਰਹਿਮਾਨ ਦੀ ਜਨਮ ਸ਼ਤਾਬਦੀ ਵੀ ਹੈ| ਬੰਗਬੰਧੂ ਪਿਛਲੀ ਸਦੀ ਦੇ ਸਭ ਤੋਂ ਮਹਾਨ ਨੇਤਾਵਾਂ ਵਿਚੋਂ ਇੱਕ ਸਨ, ਜਿਨ੍ਹਾਂ ਦੇ ਜੀਵਨ ਅਤੇ ਆਦਰਸ਼ਾਂ ਲੱਖਾਂ ਲੋਕਾਂ ਨੂੰ ਹੁਣ ਵੀ ਪ੍ਰੇਰਿਤ ਕਰ ਰਹੇ ਹਨ| ਮੈਂ ਉਨ੍ਹਾਂ ਦੀ ਯਾਦ ਵਿੱਚ ਸ਼ਰਧਾ ਦੇ ਫੁੱਲ ਭੇਟਾ ਕਰਨ ਲਈ ਤੁੰਗੀਪਾਰਾ ਵਿੱਚ ਬੰਗਬੰਧੂ ਦੀ ਸਮਾਧੀ ਵਿਖੇ ਜਾਣ ਦਾ ਇੰਤਜ਼ਾਰ ਕਰ ਰਿਹਾ ਹਾਂ|

ਮੈਂ ਪੁਰਾਨਾਂ ਦੀ ਰਿਵਾਇਤ ਵਿੱਚ ਪੁਰਾਤਨ 51 ਸ਼ਕਤੀਪੀਠਾਂ ਵਿੱਚ ਸ਼ਾਮਲ ਪ੍ਰਾਚੀਨ ਜਸ਼ੋਰੇਸ਼ਵਰੀ ਕਾਲੀ ਮੰਦਰ ਵਿਖੇ ਦੇਵੀ ਕਾਲੀ ਅੱਗੇ ਅਰਦਾਸ ਕਰਨ ਲਈ ਦੀ ਵੀ ਆਸ ਕਰਦਾ ਹਾਂ|

ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨਾਲ ਪਿਛਲੇ ਸਾਲ ਦਸੰਬਰ ਵਿੱਚ ਹੋਈ ਲਾਹੇਵੰਦ ਵਰਚੁਅਲ ਬੈਠਕ ਤੋਂ ਬਾਅਦ ਮੈਂ ਉਨ੍ਹਾਂ ਨਾਲ ਠੋਸ ਗੱਲਬਾਤ ਕਰਨ ਦੀ ਉਡੀਕ ਕਰ ਰਿਹਾ ਹਾਂ| ਮੈਂ ਮਹਾਮਹਿਮ ਰਾਸ਼ਟਰਪਤੀ ਅਬਦੁੱਲ ਹਾਮਿਦ ਨਾਲ ਆਪਣੀ ਮੁਲਾਕਾਤ ਅਤੇ ਹੋਰ ਬੰਗਲਾਦੇਸ਼ੀ ਹਸਤੀਆਂ ਨਾਲ ਗੱਲਬਾਤ ਕਰਨ ਦੀ ਵੀ ਆਸ ਕਰਦਾ ਹਾਂ|

ਮੇਰੀ ਮੁਲਾਕਾਤ ਨਾਲ ਨਾ ਸਿਰਫ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੀ ਦੂਰਅੰਦੇਸ਼ੀ ਅਗਵਾਈ ਹੇਠ ਬੰਗਲਾਦੇਸ਼ ਵੱਲੋਂ ਪੁੱਟੀਆਂ ਗਈਆਂ ਸ਼ਾਨਦਾਰ ਆਰਥਿਕ ਅਤੇ ਵਿਕਾਸ ਪੱਖੀ ਪੁਲਾਂਘਾਂ ਲਈ ਆਪਣੀ ਸ਼ਲਾਘਾ ਪ੍ਰਗਟਾਉਣ ਦਾ ਮੌਕਾ ਮਿਲੇਗਾ, ਬਲਕਿ ਇਨ੍ਹਾਂ ਪ੍ਰਾਪਤੀਆਂ ਲਈ ਭਾਰਤ ਦੀ ਸਦੀਵੀ ਹਿਮਾਇਤ ਦੀ ਵਚਨਬੱਧ ਪ੍ਰਗਟਾਉਣ ਦਾ ਵੀ ਮੌਕਾ ਮਿਲੇਗਾ| ਮੈਂ COVID -19 ਖਿਲਾਫ ਬੰਗਲਾਦੇਸ਼ ਦੀ ਲੜਾਈ ਵਿੱਚ ਭਾਰਤੀ ਹਮਾਇਤ ਅਤੇ ਇਕਜੁੱਟਤਾ ਦਾ ਪ੍ਰਗਟਾਅ ਵੀ ਕਰਾਂਗਾ|

ਨਵੀਂ ਦਿੱਲੀ
25 ਮਾਰਚ, 2021

DISCLAIMER: This is an approximate translation. The original is available in English on MEA's website and may be referred to as the official press release.